# ਹਿੰਦੁਸਤਾਨ ਵਿਚ ਕਿਸਾਨਾਂ ਦੀ ਤਬਾਹੀ

ਹੁਣੇ ਜਿਹੇ ਸੰਗਰੂਰ ਵਿਚ ਕਿਸਾਨਾਂ ਦੇ 300 ਪਰਿਵਾਰਾਂ ਨੇ ਆਪਣੀ ਅਤੇ ਹੋਰ ਕਿਸਾਨਾਂ ਦੀ ਤਬਾਹੀ ਦੀ ਕਹਾਣੀ ਸੁਣਾਈ। ਇਹ ਉਹ ਪਰਿਵਾਰ ਸਨ ਜਿਨ੍ਹਾਂ ਦੇ ਘਰ ਦਾ ਕੋਈ ਨਾ ਕੋਈ ਮੈਂਬਰ ਖ਼ੁਦਕਸ਼ੀ ਕਰ ਚੁਕਾ ਸੀ ਤੇ ਇਹ ਖ਼ੁਦਕਸ਼ੀ ਕਰਨ ਵਾਲਿਆਂ ਬਾਰੇ ਗੱਲਬਾਤ ਕਰਨ ਲਈ ਇਕੱਠੇ ਹੋਏ ਸੀ। ਕਿਸਾਨਾਂ ਨੇ ਕਰਜ਼ੇ ਦੇ ਦੁੱਖ ਕਰਕੇ ਆਤਮਘਾਤ ਕੀਤੇ ਸਨ। *ਨੈਸ਼ਨਲ ਸੈਂਪਲ ਔਰਗਨਾਈਜ਼ੇਸ਼ਨ* ਦੇ ਅੰਕੜਿਆਂ ਮੁਤਾਬਿਕ ਹਿੰਦੁਸਤਾਨ ਵਿਚ ਕਿਸਾਨਾਂ ਦੇ ਸਿਰ 13000 ਰੁਪਿਆ ਫੀ ਸਾਲ ਦਾ ਕਰਜ਼ਾ ਹੁੰਦਾ ਹੈ ਪਰ ਪੰਜਾਬ ਵਿਚ ਇਹ 40,000 ਰੁਪਿਆ ਹੈ। ਅੰਕੜੇ ਇਹ ਵੀ ਦੱਸਦੇ ਹਨ ਕਿ ਵੱਧ ਰਹੀ ਲਾਗਤ ਕਰਕੇ 40 ਫੀ ਸਦੀ ਕਿਸਾਨ ਖੇਤੀ ਬਾੜੀ ਦਾ ਕੰਮ ਛੱਡਣ ਲਈ ਤਿਆਰ ਹਨ।

ਪੰਜਾਬ ਵਿਚ ਸੰਗਰੂਰ ਨੂੰ ਖ਼ੁਦਕਸ਼ੀਆਂ ਦੀ ਰਾਜਧਾਨੀ ਕਿਹਾ ਜਾਂਦਾ ਹੈ। ਸੰਗਰੂਰ ਦੇ ਤਿੰਨ ਬਲਾਕਾਂ ਵਿਚ 1998 ਤੋਂ 2005 ਵਿਚ 1,360 ਖ਼ੁਦਕਸ਼ੀਆਂ ਦੀ ਖ਼ਬਰ ਮਿਲੀ ਹੈ। ਜੇ ਪੰਜਾਬ ਦੇ 138 ਬਲਾਕਾਂ ਵਿਚ ਵੀ ਇਸ ਹੀ ਹਿਸਾਬ ਨਾਲ ਖ਼ੁਦਕਸ਼ੀਆਂ ਹੋਈਆਂ ਹਨ ਤਾਂ ਇਸ ਦੌਰਾਨ ਪੰਜਾਬ ਵਿਚ 40 ਹਜ਼ਾਰ ਕਿਸਾਨਾਂ ਨੇ ਖ਼ੁਦਕਸ਼ੀਆਂ ਕੀਤੀਆਂ ਹੋਣਗੀਆਂ ਪਰ ਸਰਕਾਰ ਇਸ ਬਾਰੇ ਕੋਈ ਲੜ ਸਿਰਾ ਫੜਾਉਣ ਨੂੰ ਤਿਆਰ ਨਹੀਂ ਹੈ। ਸਰਕਾਰ ਦਾ ਕਹਿਣਾ ਹੈ ਕਿ 1998-2005 ਵਿਚ 2,116 ਕਿਸਾਨਾਂ ਨੇ ਖ਼ੁਦਕਸ਼ੀ ਕੀਤੀ ਹੈ। ਲੋਕ ਸਰਕਾਰ ਦੇ ਇਨ੍ਹਾਂ ਦਾਅਵਿਆਂ ਦਾ ਕੋਈ ਯਕੀਨ ਨਹੀਂ ਕਰਦੇ।

ਦੱਸਿਆ ਜਾਂਦਾ ਹੈ ਕਿ ਸੂਦਖ਼ੋਰ ਕਿਸਾਨਾਂ ਤੋਂ 36% ਤੋਂ ਲੈ ਕੇ 50% ਸਾਲਾਨਾ ਦਰ ਤੇ ਸੂਦ ਵਸੂਲ ਕਰਦੇ ਹਨ ਜੋ ਕਿਸਾਨਾਂ ਲਈ ਬਹੁਤ ਮਾਰੂ ਹੈ। ਕਿਸਾਨਾਂ ਨੂੰ ਸਰਕਾਰੀ ਅਤੇ ਦੂਸਰੇ ਬੈਂਕਾਂ ਤੋਂ ਘੱਟ ਦਰ ਤੇ ਕਰਜ਼ੇ ਨਹੀਂ ਮਿਲਦੇ ਇਸ ਲਈ ਉਨ੍ਹਾਂ ਨੂੰ ਖੇਤੀ ਬਾੜੀ ਲਈ ਅਤੇ ਹੋਰ ਜ਼ਰੂਰਤਾਂ ਲਈ ਆੜ੍ਹਤੀਆਂ ਅਤੇ ਸੂਦਖ਼ੋਰਾਂ ਤੋਂ ਕਰਜ਼ੇ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ। ਖੇਤੀ ਬਾੜੀ ਦੀ ਲਾਗਤ ਦਿਨੋਂ ਦਿਨ ਵਧਦੀ ਜਾ ਰਹੀ ਹੈ ਪਰ ਫ਼ਸਲ ਦਾ ਭਾਅ ਖ਼ਰਚੇ ਪੂਰੇ ਨਹੀਂ ਕਰਦਾ ਤੇ ਕਿਸਾਨਾਂ ਤੇ ਕਰਜ਼ੇ ਦੀ ਜਕੜ ਵਧਦੀ ਜਾਂਦੀ ਹੈ।

ਕਿਸਾਨਾਂ ਉੱਤੇ ਕਰਜ਼ੇ ਦੀ ਇਹ ਜਕੜ ਅਤੇ ਉਨ੍ਹਾਂ ਤਬਾਹੀ ਕੋਈ ਇਤਫ਼ਾਕੀਆ ਗੱਲ ਨਹੀਂ ਅਤੇ ਨਾ ਕਿਸੇ ਗੈਬੀ ਤਾਕਤ ਦੇ ਕ੍ਰੋਪ ਕਰਕੇ ਹੈ। ਇਹ ਤਬਾਹੀ ਸਰਕਾਰੀ ਨੀਤੀਆਂ ਅਤੇ ਪੈਦਾਵਾਰ ਦੇ ਮੌਜੂਦਾ ਰਿਸ਼ਤਿਆਂ ਦਾ ਹੀ ਨਤੀਜਾ ਹੈ। ਕਿਸਾਨਾਂ ਦੀ ਜ਼ਿੰਦਗੀ ਨੂੰ ਅਸਰ ਅੰਦਾਜ਼ ਕਰਨ ਵਾਲੀਆਂ ਗੱਲਾਂ ਦੇ  ਫੈਸਲੇ ਕਿਸਾਨਾਂ ਦੇ ਹੱਥ ਵਿਚ ਨਹੀਂ ਸਰਕਾਰ ਜਾਂ ਮੰਡੀ ਦੇ ਹੱਥ ਵਿਚ ਹਨ। ਸਰਕਾਰ ਅਤੇ ਮੰਡੀ ਦੇ ਅਜਾਰੇਦਾਰਾਂ ਨੂੰ ਕਾਸ਼ਤਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਕੋਈ ਫ਼ਿਕਰ ਨਹੀਂ ਹੈ। ਇਨ੍ਹਾਂ ਨੂੰ ਸਿਰਫ਼ ਆਪਣੇ ਮੁਨਾਫ਼ੇ ਵਧਾਉਣ ਅਤੇ ਤਾਕਤ ਸਾਂਭੀ ਰੱਖਣ ਦਾ ਹੀ ਫ਼ਿਕਰ ਹੈ। ਇਕ ਪਾਸੇ ਇਨ੍ਹਾਂ ਦੇ ਮੁਨਾਫ਼ੇ ਵੱਧਦੇ ਹਨ ਤੇ ਦੂਸਰੇ ਪਾਸੇ ਕਿਸਾਨਾਂ ਦੀ ਗਰੀਬੀ ਅਤੇ ਕਰਜ਼ੇ ਦੀ ਪੰਡ ਭਾਰੀ ਹੋਈ ਜਾਂਦੀ ਹੈ। ਜੇ ਕਿਸਾਨਾਂ ਦਾ ਹਾਲ ਚੰਗਾ ਹੋਵੇ ਅਤੇ ਉਹ ਖ਼ੁਸ਼ਹਾਲ ਹੋਣ ਤਾਂ ਇਨ੍ਹਾਂ ਸੂਦਖ਼ੋਰਾਂ ਦੇ ਮੁਨਾਫ਼ੇ ਘੱਟ ਜਾਣਗੇ। ਇਸ ਲਈ ਸਰਕਾਰ, ਮੰਡੀ ਦੇ ਅਜਾਰੇਦਾਰ ਅਤੇ ਸੂਦਖ਼ੋਰ ਕਿਸਾਨਾਂ ਦੀ ਮਾੜੀ ਦਸ਼ਾ ਦੇ ਕੌੜੇ ਸੱਚ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਕਿਸਾਨਾਂ ਦੀ ਤਬਾਹੀ ਦੀਆਂ ਖ਼ਬਰਾਂ ਮੀਡੀਏ ਅਤੇ ਅਖ਼ਬਾਰਾਂ ਵਿਚ ਹਿੰਦੁਸਤਾਨ ਦੀ ਵੱਧ ਰਹੀ ਖ਼ੁਸ਼ਹਾਲੀ ਦੀ ਖ਼ਬਰਾਂ ਵਿਚ ਦਬਾ ਦਿੱਤੀਆਂ ਜਾਂਦੀਆਂ ਹਨ। ਮੁਲਕ ਦੇ ਕਰੋੜਾਂ ਕਿਸਾਨਾਂ ਦੀ ਤਬਾਹੀ ਦੇ ਕਿਸਿਆਂ ਦਾ ਕੋਈ ਚਰਚਾ ਨਹੀਂ ਕੀਤਾ ਜਾਂਦਾ। ਕਿਸਾਨਾਂ ਦੀ ਤਬਾਹੀ ਦੀਆਂ ਦਰਦਨਾਕ ਚੀਕਾਂ ਨੂੰ ਲਿਸ਼ਕਦਾ ਹਿੰਦੁਸਤਾਨ, ਪੈਦਾਵਾਰ ਵਧਾ ਰਿਹਾ ਹਿੰਦੁਸਤਾਨ ਅਤੇ ਸੱਟੇ ਬਾਜ਼ਾਰ ਦੀ ਚੜ੍ਹਤ ਦੇ ਸ਼ੋਰ ਦਬਾ ਦਿਤਾ ਜਾਂਦਾ ਹੈ।

ਆਪਣੀ ਇਸ ਤਬਾਹੀ ਦੇ ਖ਼ਿਲਾਫ਼ ਕਿਸਾਨ ਥਾਂ ਥਾਂ ਤੇ ਧਰਨੇ, ਰਸਤਾ ਰੋਕੋ, ਰੇਲ ਰੋਕੋ ਅਤੇ ਹੋਰ ਸੰਘਰਸ਼ ਕਰ ਰਹੇ ਹਨ। ਇਸ ਸੰਘਰਸ਼ ਤੋਂ ਇਲਾਵਾ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੈ।